**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**
**ਫੋਨ ਨੰ : 0172-5015862, ਫੈਕਸ : 0172-2624687**
**ਈ-ਮੇਲ : ssapunjab.mis@gmail.com, ਵੈਬਸਾਈਟ : www.ssapunjab.org**

# <u>ਜਨਤਕ ਸੂਚਨਾ</u>

## ਡਾਈਸ ਸਰਵੇ ਅਧੀਨ ਸਮੂਹ ਸਕੂਲਾਂ ਵਲੋਂ ਜਾਣਕਾਰੀ ਮੁਹੱਈਆ ਕਰਵਾਉਣ ਸਬੰਧੀ।

ਪੰਜਾਬ ਰਾਜ ਵਿਚ 30 ਸਤੰਬਰ, 2012 ਤੋਂ ਡਾਈਸ (DISE – District Information System for Education) ਸਰਵੇ ਸਮੂਹ ਸਕੂਲਾਂ (ਸਰਕਾਰੀ, ਏਡਿਡ, ਮਾਨਤਾ ਪ੍ਰਾਪਤ, ਗੈਰ-ਮਾਨਤਾ ਪ੍ਰਾਪਤ ਆਦਿ) ਤੋਂ ਜਾਣਕਾਰੀ/ਅੰਕੜੇ ਇਕੱਤਰ ਕਰਨ ਲਈ ਕਰਵਾਇਆ ਜਾ ਰਿਹਾ ਹੈ। ਇਸ ਸਰਵੇ ਅਧੀਨ ਪ੍ਰਫਾਰਮੇ ਵਿਚ ਸਕੂਲ ਦੀਆਂ ਬੁਨਿਆਦੀ ਸਹੂਲਤਾਂ, ਵਿਦਿਆਰਥੀਆਂ ਦੀ ਗਿਣਤੀ, ਅਧਿਆਪਕਾਂ ਦੀ ਗਿਣਤੀ, ਸਾਜੋ ਸਮਾਨ, ਹਾਜਰੀ ਆਦਿ ਸਬੰਧੀ ਜਾਣਕਾਰੀ ਮੰਗੀ ਗਈ ਹੈ।

ਇਹ ਜਾਣਕਾਰੀ *ਸਿੱਖਿਆ ਅਧਿਕਾਰ ਐਕਟ 2009* ਅਤੇ ਇਸ ਐਕਟ ਅਧੀਨ ਬਣਾਏ ਰੂਲਾਂ ਦੇ ਉਪਬੰਧਾਂ ਦੀ ਪਾਲਣਾ ਬਾਰੇ ਅਤੇ ਭਾਰਤ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਆਦਿ ਲਈ ਸਕੂਲਾਂ ਤੋਂ ਇਕੱਤਰ ਕੀਤੀ ਜਾਂਦੀ ਹੈ। ਇਹ ਜਾਣਕਾਰੀ ਪੰਜਾਬ ਰਾਜ ਵਿਚ ਸਿੱਖਿਆ ਸੁਵਿਧਾਵਾਂ ਦੇ ਮਿਆਰ, ਵਿਦਿਆਰਥੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਅਤੇ ਸਿੱਖਿਆ ਸਬੰਧੀ ਨੀਤੀਆਂ ਬਨਾਉਣ ਲਈ ਵਰਤੀ ਜਾਂਦੀ ਹੈ। ਹਰ ਸਕੂਲ ਵਲੋਂ ਇਹ ਜਾਣਕਾਰੀ ਸਹੀ ਅਤੇ ਸਕੂਲ ਰਿਕਾਰਡ ਮੁਤਾਬਿਕ ਮਿੱਥੇ ਸਮੇਂ ਅੰਦਰ ਦੇਣਾ ਜਰੂਰੀ ਹੈ।

ਡਾਈਸ ਸਰਵੇ ਅਧੀਨ ਸਕੂਲਾਂ ਤੱਕ ਪ੍ਰਫਾਰਮਿਆਂ ਨੂੰ ਪਹੁੰਚਾਉਣ ਲਈ ਸਿੱਖਿਆ ਵਿਭਾਗ ਦੇ ਬਲਾਕ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਹੈ ਅਤੇ ਇਹ ਅਧਿਕਾਰੀ ਬਲਾਕ ਅਧੀਨ ਪੈਂਦੇ ਸਾਰੇ ਸਕੂਲਾਂ ਨੂੰ ਇਹ ਪ੍ਰਫਾਰਮਾਂ ਦੇਣਗੇ ਅਤੇ ਸਕੂਲਾਂ ਨੂੰ ਪ੍ਰਫਾਰਮਾਂ ਭਰਨ ਸਬੰਧੀ ਵੀ ਸਾਰੀਆਂ ਹਦਾਇਤਾਂ ਸਪੱਸ਼ਟ ਕਰਨਗੇ। ਇਹ ਪ੍ਰਫਾਰਮੇ ਸਕੂਲਾਂ ਵੱਲੋਂ ਆਪਣੇ ਪੱਧਰ ਤੇ ਭਰੇ ਜਾਣਗੇ। ਭਰੇ ਗਏ ਪ੍ਰਫਾਰਮੇਂ ਸਕੂਲਾਂ ਤੋਂ ਇਕੱਤਰ ਕਰਨ ਦੀ ਡਿਊਟੀ ਵੀ ਇਨ੍ਹਾਂ ਬਲਾਕ ਅਧਿਕਾਰੀਆਂ ਦੀ ਹੀ ਹੈ। ਜੇਕਰ ਕਿਸੇ ਸਕੂਲ ਨੂੰ 10 ਅਕਤੂਬਰ, 2012 ਤੋਂ ਪਹਿਲਾਂ ਡਾਈਸ ਪ੍ਰਫਾਰਮਾਂ ਨਹੀਂ ਮਿਲਦਾ ਤਾਂ ਉਹ ਸਬੰਧਤ ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਦੇ ਐਮ.ਆਈ.ਐਸ. ਕੋਆਰਡੀਨੇਟਰ ਨਾਲ ਗੱਲਬਾਤ ਕਰਕੇ ਆਪਣਾ ਪ੍ਰਫਾਰਮਾਂ ਮੰਗਵਾ ਸਕਦੇ ਹਨ। ਪ੍ਰਫਾਰਮਾਂ ਨਾ ਮਿਲਣ ਦੀ ਸੂਰਤ ਵਿਚ ਮੁੱਖ ਦਫਤਰ, ਚੰਡੀਗੜ੍ਹ ਦੇ ਟੈਲੀਫੋਨ ਨੰਬਰ 0172-5015862 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ssapunjab.mis@gmail.com ਉੱਤੇ ਈ-ਮੇਲ ਵੀ ਭੇਜੀ ਜਾ ਸਕਦੀ ਹੈ।

ਡਾਈਸ ਸਰਵੇ ਅਧੀਨ ਮੰਗੀ ਗਈ ਜਾਣਕਾਰੀ ਹਰੇਕ ਸਕੂਲ ਵਲੋਂ ਦੇਣਾ ਲਾਜ਼ਮੀ ਹੈ।

**ਕੇ.ਐਸ.ਪੰਨੂੰ, ਆਈ.ਏ.ਐਸ.**
**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ - ਚੰਡੀਗੜ੍ਹ**